ਕਲਾ ਅਤੇ ਜ਼ਿੰਦਗੀ

# ਅਸੀਂ ਬਸ ਏਨਾ ਹੀ ਕਰੀਏ

ਗੁਰਸ਼ਰਨ ਸਿੰਘ

30 ਮਾਰਚ 1998

ਹੁਣ ਇਹ ਇਕ ਸਥਾਪਤ ਸਚਾਈ ਹੈ ਕਿ ਦੋਨੋਂ ਪਾਸੇ ਦੇ ਪੰਜਾਬ ਦੇ ਲੋਕ 1947 ਦੀ ਕੁੜੱਤਣ ਭੁੱਲ ਕੇ ਆਪਸੀ ਸਾਂਝ ਜੋੜਨਾ ਚਾਹੁੰਦੇ ਹਨ। ਪਰ ਇਸ ਸਾਂਝ ਵਿਚ ਜਿਹੜੀ ਰੁਕਾਵਟ ਹੈ, ਉਹਦਾ ਜ਼ਿਕਰ ਜਿਸ ਤਰ੍ਹਾਂ ਖੁੱਲ੍ਹ ਕੇ ਆਉਣਾ ਚਾਹੀਦਾ ਹੈ, ਉਹ ਨਹੀਂ ਆ ਰਿਹਾ। ਇਸ ਸਾਂਝ ਦੀ ਤਾਂਘ ਲੇਖਕਾਂ ਵਲੋਂ ਬੜੀ ਸ਼ਿੱਦਤ ਨਾਲ ਪੇਸ਼ ਕੀਤੀ ਜਾਂਦੀ ਹੈ। 15 ਅਗਸਤ 1947 ਦੇ ਪ੍ਰਸੰਗ ਵਿਚ ਲਿਖੀ ਪਰਮਿੰਦਰਜੀਤ ਦੀ ਨਜ਼ਮ 'ਅਸੀਂ ਬਸ ਏਨਾ ਹੀ ਕਰੀਏ' ਇਹ ਵੀ ਮਿਸਾਲ ਹੈ ਜੋ 'ਅੱਖਰ' ਅਗਸਤ 97 ਦੇ ਅੰਕ ਵਿਚ ਆਈ ਸੀ। ਇਹ ਇਸ ਵਿਸ਼ੇ ਉਤੇ ਕਲਾਸਕੀ ਨਜ਼ਮ ਹੈ।



ਕਿੰਨੇ ਕੁ ਆਜ਼ਾਦ ਹਾਂ ਅਸੀਂ
ਤੇ ਕਿੰਨੇ ਕੁ ਹਾਂ ਗੁਲਾਮ
ਕਿੰਨੇ ਕੁ ਨੇ ਉਹ ਸੁਖੀ
ਤੇ ਕਿੰਨੇ ਕੁ ਹਾਂ ਦੁਖੀ ਅਸੀਂ
ਫਿਲਹਾਲ ਇਸ ਬਹਿਸ ਨੂੰ ਮੁਲਤਵੀ ਕਰੀਏ
ਅਜੇ ਬਸ ਏਨਾ ਹੀ ਕਰੀਏ...
ਧਰਤੀ ਦੇ ਪਿੰਡੇ ਤੇ ਵਗੀ
ਲੀਕ ਦੇ ਇਸ ਪਾਰ ਆਜ਼ਾਦ ਹਾਂ ਅਸੀਂ
ਲੀਕ ਦੇ ਉਸ ਪਾਰ ਆਜ਼ਾਦ ਨੇ ਉਹ
ਲੀਕ ਦੇ ਇਸ ਪਾਰ ਤੇ ਉਸ ਪਾਰ ਦੇ ਵਿਚਕਾਰ
ਇਕ ਬੜੀ ਡੂੰਘੀ ਖਾਈ ਏ, ਪਾਤਾਲ ਵਰਗੀ
ਬਹੁਤ ਕੁਝ ਦਫਨ ਹੋ ਚੁੱਕਾ ਏ ਇਸ ਖਾਈ ਵਿਚ
ਪੂਰਿਆ ਏ ਇਸ ਨੂੰ
ਲਾਸ਼ਾਂ ਦੀ ਬੜੀ ਜ਼ਰਖੇਜ਼ ਮਿੱਟੀ ਨੇ
ਰੁਦਨ ਕਰਦੀਆਂ ਜਵਾਨੀਆਂ ਤੇ ਮਾਸੂਮ ਉਮਰਾਂ ਨੇ
ਬਿਧ ਹੱਥਾਂ 'ਚੋਂ ਖੁੱਸੀਆਂ ਡੰਗੋਰੀਆਂ ਨੇ
ਧੌਲੇ ਝਾਟਿਆਂ ਦੇ ਅੰਬਰ ਚੀਰਦੇ ਵੈਣਾਂ ਨੇ
ਬੇਪਰਦ ਹੋਈਆਂ ਤੇ ਲੁੱਟੀਆਂ ਅਸਮਤਾਂ ਨੇ...
ਇਹ ਖਾਈ ਬਹੁਤ ਡੂੰਘੀ ਸੀ
ਇਹ ਖਾਈ ਚੌੜੀ ਸੀ...
ਧਰਤੀ ਦੇ ਪਿੰਡੇ ਤੇ ਵਗੀ ਇਸ ਲੀਕ ਨੂੰ
ਅਸੀਂ ਹੁਣ ਕੁਝ ਵੀ ਨਾ ਕਹੀਏ
ਵਗੀ ਹੀ ਰਹਿਣ ਦੇਈਏ
ਇਸ ਨਾਸੂਰ ਤੇ ਕੱਜਣ ਪਿਆ ਹੀ ਰਹਿਣ ਦੇਖੀਏ...
ਸੁਲਘਦੇ ਪਏ ਨੇ ਅਜੇ ਵੀ
ਪੰਜਾਹ ਵਰ੍ਹੇ ਪੁਰਾਣੇ ਬਲਦੇ ਸਿਵੇ
ਉਨ੍ਹਾਂ ਤੇ ਸੰਘਣੇ ਮੀਂਹ ਬਣ ਕੇ ਕੁਝ ਦੇਰ ਵਰ੍ਹੀਏ
ਅਸੀਂ ਬਸ ਏਨਾ ਹੀ ਕਰੀਏ!

ਇਹ ਨਜ਼ਮ ਤੁਹਾਨੂੰ ਝੰਜੋੜਦੀ ਹੈ। ਬਹੁਤ ਕੁਝ ਸੋਚਣ ਲਈ ਕਹਿੰਦੀ ਹੈ। ਇਸ ਨਜ਼ਮ ਤੋਂ ਇਲਾਵਾ ਇਸ ਸਾਂਝ ਦਾ ਪ੍ਰਗਟਾਵਾ ਪਾਕਿਸਤਾਨ ਦੇ ਲੇਖਕ ਇਲਿਆਸ ਘੁੰਮਣ ਵਲੋਂ ਸੰਪਾਦਕ ਕੀਤਾ 'ਸਾਹਿਤ' ਮੈਗਜ਼ੀਨ ਹੈ। ਇਹ ਪੂਰੀ ਦੁਨੀਆਂ ਵਿਚ ਰਚੇ ਜਾਂਦੇ ਪੰਜਾਬੀ ਸਾਹਿਤ ਦੀ ਚੋਣ, 1997 ਹੈ। ਫਾਰਸੀ ਲਿੱਪੀ ਵਿਚ ਇਹ ਮੈਗਜ਼ੀਨ, ਜਾਂ ਗਰੰਥ ਹੀ ਕਹਿ ਲਵੋ, 722 ਸਫਿਆਂ ਦਾ ਹੈ। ਗੁਰਮੁਖੀ ਲਿੱਪੀ ਵਿਚ ਜੇ ਇਹ ਛਪੇ ਤਾਂ ਹਜ਼ਾਰ, ਯਾਰਾਂ ਸੌ ਪੰਨੇ ਤੋਂ ਘੱਟ ਨਾ ਹੋਵੇ। ਸਾਡਾ ਸਾਹਿਤ ਤਾਂ ਬਿਲਕੁਲ ਸਾਂਝਾ ਹੈ। ਇਸੇ ਦੋਸਤੀ ਦੇ ਸਿਲਸਿਲੇ ਵਿਚ ਨਵਾਜ਼ ਸ਼ਰੀਫ ਅਤੇ ਕਰਨਲ ਪ੍ਰਤਾਪ ਸਿੰਘ ਗਿੱਲ ਦੀ ਇਕੋ ਪਿੰਡ ਦੇ ਵਾਸੀ ਹੋਣ ਦੇ ਨਾਤੇ ਦੋਸਤੀ ਵੀ ਕਹੀ ਜਾ ਸਕਦੀ ਹੈ।

ਇਹ ਸਭ ਕੁਝ ਹੁੰਦਿਆਂ ਹੋਇਆਂ ਵੀ ਜੇ ਦੋਵਾਂ ਦੇਸ਼ਾਂ ਦੀ ਦੋਸਤੀ ਨਹੀਂ ਹੋ ਰਹੀ ਤਾਂ ਉਹਦਾ ਕਾਰਨ ਮੁੱਖ ਤੌਰ ਉਤੇ ਸਿਆਸੀ ਹੈ। ਸਾਡੇ ਬੁੱਧੀਜੀਵੀਆਂ ਨੇ ਖਾਸ ਕਰਕੇ ਲੇਖਕਾਂ ਅਤੇ ਕਲਾਕਾਰਾਂ ਨੇ ਆਪਣੇ ਆਪ ਉਤੇ ਇਕ ਬੰਦਸ਼ ਲਾਈ ਹੋਈ ਹੈ ਕਿ ਉਨ੍ਹਾਂ ਨੇ ਕਿਸੇ ਉਸ ਮਸਲੇ ਨੂੰ ਨਹੀਂ ਛੂਹਣਾ ਜਿਸ ਦਾ ਤੁਅਲਕ ਸਿਆਸਤ ਨਾਲ ਹੋਵੇ ਭਾਵੇਂ ਸਿਆਸਤ ਹੀ ਉਸ ਮਸਲੇ ਦੀ ਜੜ੍ਹ ਹੋਵੇ ਜਿਸ ਦੇ ਬਾਰੇ ਉਹ ਏਨੀ ਭਾਵੁਕਤਾ ਜ਼ਾਹਰ ਕਰਦੇ ਹਨ। ਹਿੰਦ-ਪਾਕਿ ਦੋਸਤੀ ਦੀ ਵੱਡੀ ਰੁਕਾਵਟ ਕਸ਼ਮੀਰ ਦਾ ਮਸਲਾ ਹੈ। ਇਹ ਕਸ਼ਮੀਰ ਦੇ ਲੋਕਾਂ ਲਈ ਵੀ ਦੁੱਖ ਦਾ ਕਾਰਨ ਹੈ ਅਤੇ ਦੋਨੋਂ ਪੰਜਾਬਾਂ ਉਤੇ ਵੀ ਇਸੇ ਮਸਲੇ ਕਰਕੇ ਹੀ ਹਮੇਸ਼ਾ ਜੰਗ (ਹੁਣ ਐਟਮੀ ਜੰਗ) ਦੀ ਤਲਵਾਰ ਲਟਕੀ ਰਹਿੰਦੀ ਹੈ।

ਹੁਣ ਦੁਨੀਆ ਦੇ ਹਾਲਾਤ ਵਿਚ ਇਕ ਸਿਫਤੀ ਤਬਦੀਲੀ ਇਹ ਆ ਗਈ ਹੈ ਕਿ ਵੱਡੀਆਂ ਤਾਕਤਾਂ ਦੀ ਖਹਿਬੜ ਨਹੀਂ। ਇਸ ਲਈ ਅਸੂਲੀ ਸਮਝੌਤੇ ਮੁਮਕਿਨ ਹਨ। ਦੋਨੋਂ ਮੁਲਕਾਂ ਦੇ ਲੀਡਰ ਸਿਰ ਜੋੜ ਕੇ ਬੈਠਣ ਅਤੇ ਕਿਸੇ ਸਹਿਮਤੀ ਵਾਲੇ ਹੱਲ ਉਤੇ ਪੁੱਜਣ। ਬੁੱਧੀਜੀਵੀ, ਲੇਖਕ, ਕਲਾਕਾਰ ਇਸ ਹੱਕ ਅਤੇ ਸੱਚ ਦੀ ਆਵਾਜ਼ ਨੂੰ ਉਚੀ ਕਰਨ। ਇਹ ਉਨ੍ਹਾਂ ਦਾ ਫਰਜ਼ ਹੈ।

ਸੁਲਘਦੇ ਪਏ ਨੇ ਅਜੇ ਵੀ
ਪੰਜਾਹ ਵਰ੍ਹੇ ਪੁਰਾਣੇ ਬਲਦੇ ਸਿਵੇ
ਉਨ੍ਹਾਂ ਤੇ ਸੰਘਣਾ ਮੀਂਹ ਬਣ ਕੇ ਕੁਝ ਦੇਰ ਵਰ੍ਹੀਏ
ਅਸੀਂ ਬਸ ਏਨਾ ਹੀ ਕਰੀਏ।

## ਇਕ ਸ਼ਕਤੀਸ਼ਾਲੀ ਨਾਟਕ: ਏਕ ਮਾਮੂਲੀ ਆਦਮੀ

ਦਿੱਲੀ ਵਿਚ ਥੀਏਟਰ ਗਰੁੱਪ ਆਸਮੀਤਾ ਵਲੋਂ ਅਰਵਿੰਦ ਗੌੜ ਦੀ ਨਿਰਦੇਸ਼ਨਾ ਥੱਲੇ ਅਸ਼ੋਕ ਲਾਲ ਦਾ ਸਕਰਿਪਟ ਕੀਤਾ ਨਾਟਕ 'ਏਕ ਮਾਮੂਲੀ ਆਦਮੀ' ਪੇਸ਼ ਕੀਤਾ ਗਿਆ ਹੈ, ਜਿਸ ਦੀ ਬਹੁਤ ਚਰਚਾ ਹੈ। ਇਹ ਚਰਚਾ ਇਸ ਦੇ ਵਿਸ਼ੇ ਦੀ ਸਾਰਥਕਤਾ ਦੀ ਹੈ। ਇਹ ਇਕ ਮਾਮੂਲੀ ਆਦਮੀ ਦੀ ਕਹਾਣੀ ਹੈ।

ਈਸ਼ਵਰ ਚੰਦ ਅਵਸਥੀ ਇਕ ਸਰਕਾਰੀ ਦਫਤਰ ਵਿਚ ਮਾਮੂਲੀ ਕਲਰਕ ਹੈ। ਇਹ ਦਫਤਰ ਟਾਊਨ ਪਲੈਨਿੰਗ ਅਤੇ ਸ਼ਹਿਰੀ ਵਿਕਾਸ ਦੇ ਕੰਮ ਦੀ ਦੇਖਭਾਲ ਕਰਦਾ ਹੈ। ਘੱਟੇ ਮਿੱਟੀ ਨਾਲ ਬੋਦੀਆਂ ਹੋਈਆਂ ਫਾਈਲਾਂ ਵਿਚ ਖੁੱਭਿਆ ਉਹ ਆਪਣਾ ਕੰਮ ਚੁੱਪਚਾਪ ਕਰਦਾ ਰਹਿੰਦਾ ਹੈ। ਆਲੇ ਦੁਆਲੇ ਨਾਲ ਉਹਦਾ ਕੋਈ ਬਹੁਤਾ ਲੈਣਾ ਦੇਣਾ ਨਹੀਂ। ਕੋਈ ਉਹਦਾ ਨੋਟਿਸ ਨਹੀਂ ਲੈਂਦਾ, ਸਗੋਂ ਆਪਣੇ ਸਾਥੀਆਂ ਦੀਆਂ ਟਿਚਕਰਾਂ ਦਾ ਕੇਂਦਰ ਹੈ। ਪਰ ਜ਼ਿੰਦਗੀ ਵੱਲ ਉਹਦੀ ਮਾਨਵਵਾਦੀ ਸੋਚ ਉਸ ਵੇਲੇ ਸਾਹਮਣੇ ਆਉਂਦੀ ਹੈ ਜਦੋਂ ਉਹ ਆਪਣੇ ਅਫਸਰਾਂ ਨਾਲ ਜਾਂ ਕਹਿ ਲਵੋ ਸਾਰੀ ਦੁਨੀਆ ਨਾਲ ਟੱਕਰ ਲੈਣ ਲਈ ਤਿਆਰ ਹੋ ਜਾਂਦਾ ਹੈ।

ਮੁੱਦਾ ਇਹ ਹੈ ਕਿ ਮਾਸਟਰ ਪਲੈਨ ਵਿਚ ਇਕ ਥਾਂ ਅਜਿਹੀ ਹੈ ਜਿਥੇ ਝੁੱਗੀ-ਝੌਂਪੜੀ ਵਿਚ ਰਹਿਣ ਵਾਲਿਆਂ ਲਈ ਟੱਟੀਆਂ ਬਣਨੀਆਂ ਹਨ ਪਰ ਉਥੇ ਰੱਜੇ-ਪੁੱਜੇ ਲੋਕ ਆਪਣੇ ਅਸਰ ਰਸੂਖ ਨਾਲ ਇਕ ਧਾਰਮਿਕ ਸਥਾਨ ਬਣਾਉਣਾ ਚਾਹੁੰਦੇ ਹਨ। ਨਾਟਕੀ ਟੱਕਰ ਇਸ ਗੱਲ ਉਤੇ ਆਧਾਰਿਤ ਹੈ ਕਿ ਕੀ ਗਰੀਬ ਲੋਕਾਂ ਲਈ ਟੱਟੀਆਂ ਬਣਨੀਆਂ ਚਾਹੀਦੀਆਂ ਹਨ ਜਾਂ ਰੱਜੇ ਪੁੱਜੇ ਲੋਕਾਂ ਦੀ ਪੂਜਾ ਵਾਸਤੇ ਧਾਰਮਿਕ ਸਥਾਨ। ਨਾਟਕਕਾਰ ਦਾ ਮਾਮੂਲੀ ਬੰਦਾ ਗਰੀਬ ਲੋਕਾਂ ਦੇ ਹੱਕ ਵਿਚ ਖਲੋਂਦਾ ਹੈ। ਇਹ ਬਹੁਪਰਤੀ ਅਤੇ ਬਹੁਅਰਥੀ ਨਾਟਕ ਭਾਰਤੀ ਨਾਟਕ ਸਾਹਿਤ ਵਿਚ ਇਕ ਜ਼ਿਕਰਯੋਗ ਵਾਧਾ ਹੈ। ਉਨ੍ਹਾਂ ਨਾਟਕ ਨਿਰਦੇਸ਼ਕਾਂ ਲਈ ਜਿਹੜੇ ਸ਼ਿਕਾਇਤ ਕਰਦੇ ਹਨ ਕਿ ਉਨ੍ਹਾਂ ਨੂੰ ਚੰਗੀ ਨਾਟਕੀ ਸਕਰਿਪਟ ਨਹੀਂ ਮਿਲਦੀ, ਇਹ ਨਾਟਕ ਇਕ ਚੰਗੀ ਸਕਰਿਪਟ ਮੁਹੱਈਆ ਕਰਦਾ ਹੈ